# ਗੁਰੂ ਗ੍ਰੰਥ – ਗੁਰੂ ਪੰਥ

ਪ੍ਰਭਜੋਤ ਕੌਰ*

ਜਗਤ ਜਲੰਦੇ ਨੂੰ ਦੁਖੀ ਦੇਖ ਸ਼ਹਿਜ਼ਾਦੇ ਸਿਧਾਰਥ ਨੂੰ ਦਿਲਗੀਰੀ ਆਈ। ਉਸ ਰਾਜਭਾਗ ਤਿਆਗ ਸੰਨਿਆਸ ਲੈ ਲਿਆ। ਫਕੀਰੀ ਧਾਰਨ ਕੀਤੀ। ਕਠਿਨ ਸਾਧਨਾ ਅਤੇ ਤਪੱਸਿਆ ਕੀਤੀ। ਸਰੀਰ ਨੂੰ ਕਸ਼ਟ ਦਿੱਤੇ। ਆਖਰ ਉਸ ਨੂੰ ਗਿਆਨ ਦੀ ਪ੍ਰਾਪਤੀ ਹੋਈ ਅਤੇ ਉਹ ਬੁੱਧ ਬਣ ਗਿਆ।

ਜਗਤ ਜਲੰਦੇ ਨੂੰ ਦੁਖੀ ਦੇਖ ਬਾਬੇ ਨਾਨਕ ਨੂੰ ਵੀ ਦਿਲਗੀਰੀ ਆਈ। ਅੰਤਰ ਧਿਆਨ ਹੋ ਡੂੰਘੀ ਸੋਚ ਵਿੱਚ ਆ ਗਿਆ। ਧਿਆਨ ਲਾ ਕੇ ਦੇਖਿਆਂ ਬਾਬੇ ਦੀ ਨਜ਼ਰੀਂ ਪਿਆ ਇਕ ਅਜਿਹਾ ਮਨੁਖ ਜੋ ਧਰਮ ਗੁਆ ਬੈਠਿਆ ਸੀ। ਇਕ ਅਜਿਹਾ ਜਤੀ ਜੋ ਜੁਗਤ ਨਹੀਂ ਜਾਣਦਾ ਸੀ :

ਧਰਮੀ ਧਰਮੁ ਕਰਹਿ ਗਾਵਾਵਹਿ, ਮੰਗਹਿ ਮੋਖ ਦੁਆਰੁ ॥
ਜਤੀ ਸਦਾਵਹਿ ਜੁਗਤਿ ਨ ਜਾਣਹਿ, ਛਡਿ ਬਹਹਿ ਘਰ ਬਾਰੁ ॥ ਪੰਨਾ ੪੬੯

ਬਾਬੇ ਦੀ ਨਜ਼ਰੀਂ ਪਿਆ ਖਤਰੀ ਜੋ :

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥ ਪੰਨਾ ੬੬੩

ਬਾਬੇ ਨੇ ਦੇਖੇ ਪਾਤਸ਼ਾਹ, ਜੋ ਸੁਰਤ ਗੁਆ ਬੈਠੇ ਸਨ :

ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥ ਪੰਨਾ ੪੧੭

ਤੇ ਫਿਰ ਬਾਬੇ ਨੂੰ ਦਿਸ ਆਈ ਲੁਕਾਈ, ਜੋ ਦਿਸ਼ਾਹੀਨ ਹੋ ਟਕਰਾਂ ਮਾਰ ਰਹੀ ਸੀ :

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥ ਪੰਨਾ ੪੬੯

ਸਮਾਜ ਦੀ ਇਹ 'ਜੀਅਹੁ ਮੈਲੇ ਬਾਹਰਹੁ ਨਿਰਮਲ' ਵਾਲੀ ਨਿਘਰੀ ਅਵਸਥਾ ਦੇਖ ਬਾਬੇ ਦੇ ਮਨ ਦੀ ਦਿਲਗੀਰੀ ਬਾਬੇ ਨੂੰ ਬਖਸ਼ਿਸ਼ ਦੇ ਘਰ ਵਿੱਚ ਲੈ ਆਈ ਅਤੇ ਬਾਬਾ ਘਰ ਛਡ ਤੁਰ ਪਿਆ ਧਰਤ ਲੁਕਾਈ ਸੋਧ ਕੇ ਸੁਹਣੇ ਸਮਾਜ ਦੀ ਸਿਰਜਣਾ ਲਈ :

ਚੜਿਆ ਸੋਧਣ ਧਰਤ ਲੁਕਾਈ ॥ ਭਾਈ ਗੁਰਦਾਸ ਵਾਰ ੧

ਅਤੇ ਬਾਬੇ ਨੇ ਸੋਧ ਦਿੱਤੇ ਜੋਗੀ, ਬ੍ਰਾਹਮਣ, ਖਤਰੀ ਅਤੇ ਮੁਲਾਂ। ਭੇਖ ਤੇ ਦੰਭ ਨੂੰ ਨੰਗਾ ਕਰ 'ਜੀਅਹੁ ਨਿਰਮਲ ਬਾਹਰਹੁ ਨਿਰਮਲ' ਦਾ ਆਦਰਸ਼ ਦੇ ਠਗਾਂ ਨੂੰ ਸੱਜਣ ਅਤੇ ਰਾਕਸ਼ਾਂ ਨੂੰ ਦੇਵਤੇ ਬਣਾ ਦਿੱਤਾ। ਬਾਬੇ ਦੀ ਦਿਲਗੀਰੀ ਵਿੱਚੋਂ ਉਪਜਿਆ ਸਮਾਜ ਸਿਰਜਣਾ ਦਾ ਰਚਨਾਤਮਕ ਕਾਰਜ ਲਗਾਤਾਰਤਾ ਨਾਲ ਸਹਿਜ ਚਾਲੇ ਚਲਦਾ ਹੋਇਆ ਅਗੇ ਵਧਦਾ ਗਿਆ। ਜ਼ੁਲਮ ਨੂੰ ਹਾਲੇ ਠੱਲ ਨਹੀਂ ਪਈ ਸੀ।

* Prof, #3307, Sector 19-D, Chandigarh

ਦਸਮ ਪਾਤਸ਼ਾਹ ਨੂੰ ਵੀ ਜ਼ੁਲਮ ਦੀ ਚੱਕੀ ਹੇਠ ਪੀਸੇ ਜਾਂਦੇ ਮਜ਼ਲੂਮਾਂ ਨੂੰ ਦੇਖ ਮਨ ਵਿੱਚ ਦਿਲਗੀਰੀ ਆਈ ਅਤੇ ਇਲਾਜ ਵਜੋਂ ਆਪ ਨੇ ਖਾਲਸੇ ਦੇ ਰੂਪ ਵਿੱਚ ਚਿਤਵੀ ਇਕ ਅਜਿਹੀ ਸ਼ਖ਼ਸੀਅਤ ਦੀ ਘਾੜਤ ਜਿਸ ਦਾ ਵਰਨਣ, ਭਾਈ ਵੀਰ ਸਿੰਘ ਜੀ 'ਕਲਗੀਧਰ ਚਮਤਕਾਰ' (ਪੰਨਾ ੨੧੭) ਵਿੱਚ ਇਉਂ ਕਰਦੇ ਹਨ :

> "ਨੂਰੀ ਚਿਹਰਾ, ਸੋਹਣੀ ਨੁਹਾਰ, ਅੰਗ ਨਕਸ਼ ਇਕੋ ਜਿਹੇ, ਸਰੀਰ ਸੁਡੌਲ, ਸਿਰ ਤੇ ਕੇਸ, ਤੇਜ ਵਾਲੀ ਦਸਤਾਰ, ਮਥਾ ਲਿਸ਼ਕਦਾ, ਨੈਣ ਚਮਕਦੇ ਤੇ ਪਿਆਰ ਭਰੇ, ਗਲਾਂ ਸੇਉ ਵਰਗੀਆਂ ਸ਼ੋਖ, ਪਰ ਮਿਠਾਸ ਵਾਲੀਆਂ, ਬੁਲ ਸੂਹੇ, ਪਰ ਉਨਾਬਾ ਵਰਗੇ ਸ਼ੀਰੀਦਾਰ। ਪਿਆਰੀ ਪਿਆਰੀ ਦਾੜ੍ਹੀ, ਛਾਤੀ ਚੌੜੀ ਅਤੇ ਤਕੜੀ, ਡੌਲੇ ਭਰਵੇਂ ਤੇ ਜ਼ੋਰਦਾਰ, ਬਾਹਾਂ ਲੰਮੀਆਂ, ਲੱਕ ਸ਼ੇਰ ਵਾਂਗ ਕਸਿਆ, ਲੱਤਾਂ ਭਾਰੇ ਭਾਰ ਦੇ ਸਹਿਣ ਵਾਲੀਆਂ ਅਤੇ ਫੁਰਤੀ ਭਰੀਆਂ, ਦਿਲ ਵਿੱਚ ਬਹਾਦਰੀ ਦੀ ਚਮਕਾਰ, ਪਰ ਜ਼ੋਰ ਜ਼ੁਲਮ ਨਹੀਂ। ਉਤਸ਼ਾਹ ਦਾ ਉਛਾਲਾ, ਪਰ ਗੁੱਸਾ ਨਹੀਂ, ਜਬ੍ਹਾਂ ਰੋਅਬ, ਪਰ ਨਿਆਉਂ ਦਾ ਤੱਕੜ ਅਤੋਲ, ਪਿਆਰ ਹੈ, ਪਰ ਮਨ ਖਚਿਤ ਨਹੀਂ, ਗ੍ਰਿਹਸਤ ਹੈ, ਪਰ ਉਦਾਸੀ ਦੀ ਲਹਿਰ। ਤਿਆਗ ਹੈ ਪਰ ਹੁਕਮ ਹਾਸਲ, ਫਕੀਰੀ ਨਾਲ ਹੈ, ਪਰ ਦਿਲਗੀਰੀ ਨਹੀਂ, ਹੱਥ ਤਲਵਾਰ ਹੈ, ਪਰ ਢਾਲ ਦੀ ਸੁਰਤ ਵਾਲੀ, ਕਲਮ ਵੀ ਹੱਥ ਵਿੱਚ ਹੈ, ਪਰ ਨਿਆਂ ਤੇ ਰਹਿਮ ਵਾਲੀ। ਗਲ ਅੰਗਾ ਤੇ ਕਮਰ ਕੱਸਾ ਹੈ, ਤੇੜ ਕੱਛ ਹੈ, ਬਲਦੇ ਹੀਰਿਆਂ ਦਾ ਬੁਰੱਟਾ ਡੌਲੇ ਬੱਧਾ ਹੈ, ਪਰ ਸੀਨੇ ਵਿੱਚ ਨਾਮ ਦਮਕ ਜ਼ੋਰਦਾਰ ਹੈ, ਦਿਲ ਵਿੱਚ ਨਕਸ਼ਾ ਕੋਮਲਤਾਈ ਤੇ ਰਸਭਰੀ ਸੁੰਦਰਤਾ ਦਾ ਹੈ, ਪਰ ਦਿਮਾਗ ਵਿੱਚ ਨਕਸ਼ਾ ਵਿਵੇਕ ਦਾ ਹੈ, ਜ਼ੋਰ ਹੈ ਆਪੇ ਦਾ ਤੇ ਭਰੋਸਾ ਬੇਮੁਹਤਾਜੀ ਦਾ, ਮੱਥੇ ਤੇ ਰੇਖਾ ਹਨ, ਜਿਸ ਵਿੱਚ ਅਗੰਮੀ ਅਖਰ ਲਿਖੇ ਹਨ : "ਚੜ੍ਹਦੀ ਕਲਾ।"

ਅਜਿਹੀ ਸਹਿਜ ਦੀ ਮੂਰਤ ਅਤੇ ਚੜ੍ਹਦੀਆਂ ਕਲਾਂ ਵਾਲੀ ਸੂਰਤ ਦੀ ਅਨੂਪ ਘਾੜਤ ਪਿਛਲੇ ਦੋ ਸੌ ਸਾਲ ਤੋਂ ਵੀ ਵੱਧ ਸਮੇਂ ਤੋਂ ਗੁਰੂ ਸਾਹਿਬ ਬੜੀ ਸਰਮ (ਮਿਹਨਤ) ਨਾਲ ਕਰ ਰਹੇ ਸਨ (ਤਿਥੈ ਘਾੜਤ ਘੜੀਐ ਬਹੁਤ ਅਨੂਪ) ਅਤੇ ਇਹ ਅਨੂਪ ਘਾੜਤ ਵਾਲਾ 'ਖਾਲਸਾ' 'ਸੰਗਤ' ਦੇ ਰੂਪ ਵਿੱਚ ਪਹਿਲੇ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਸਮਾਜਕ ਸੰਸਥਾ ਬਣ ਵਿਚਰ ਰਿਹਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਕਾਮਲ ਹੱਥਾਂ ਵਿੱਚ ਆ ਇਹ ਇਕ ਅਜਿਹੀ ਅਨੂਠੀ ਸ਼ਖਸੀਅਤ ਦਾ ਮਾਲਕ ਬਣ ਗਿਆ, ਜੋ ਅੰਤਰਮੁਖੀ ਹੋਣ ਦੇ ਨਾਲ ਨਾਲ ਸਮਾਜਮੁਖੀ ਵੀ ਸੀ, ਜੋ ਸੰਤ ਵੀ ਸੀ ਅਤੇ ਸਿਪਾਹੀ ਵੀ। ਇਸ ਦਾ ਜੀਵਨ ਆਦਰਸ਼ ਸ਼ਖਸੀ ਉਸਾਰੀ ਦੇ ਨਾਲ ਨਾਲ ਨਰੋਏ ਸਮਾਜ ਦੀ ਸਿਰਜਣਾ ਵੀ ਸੀ। ਸੱਚ ਤਾਂ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼ ਇਨਸਾਨ, ਗੁਰਮੁਖ, ਖਾਲਸਾ, ਸਚੀ ਸੁਚੀ ਅਧਿਆਤਮਕਤਾ ਦਾ ਧਾਰਨੀ ਬਣ, ਸਮਾਜ ਤਿਆਗ ਕੇ ਨਹੀਂ, ਸਗੋਂ ਸਮਾਜ ਵਿੱਚ ਵਿਚਰਦਾ ਹੋਇਆ, ਸਮਾਜ ਰਾਹੀਂ ਹੀ ਸੰਪੂਰਨ ਸ਼ਖਸੀਅਤ ਦਾ ਮਾਲਕ ਬਣਦਾ ਹੈ। ਅਜਿਹੇ ਖਾਲਸੇ ਬਾਰੇ ਗੁਰੂ ਸਾਹਿਬ ਵਿਸ਼ਵਾਸ ਨਾਲ ਕਹਿ ਸਕਦੇ ਹਨ —

> ਖਾਲਸਾ ਮੇਰੋ ਰੂਪ ਹੈ ਖਾਸ।
> ਖਾਲਸੇ ਮਹਿ ਹਉਂ ਕਰਉਂ ਨਿਵਾਸ।

ਅਜਿਹਾ ਖਾਲਸਾ, ਜਿਸ ਦੀ ਸੇਵਾ ਗੁਰੂ ਸਾਹਿਬ ਦੇ ਮਨ ਨੂੰ ਭਾਉਂਦੀ ਸੀ :

> ਸੇਵ ਕਰੀ ਇਨਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀਅ ਕੋ॥
> ਦਾਨ ਦੀਓ ਇਨਹੀ ਕੋ ਭਲੋ, ਅਰ ਆਨ ਕੋ ਦਾਨ ਨ ਲਾਗਤ ਨੀਕੋ।
> ਆਗੈ ਫਲੋ ਇਨਹੀ ਕੋ ਦਯੋ, ਜਗ ਮਹਿ ਜਸ ਅਉਰ ਦੀਓ ਸਭ ਫੀਕੋ।

ਮੋ ਗ੍ਰਿਹਿ ਮਹਿ ਤਨ ਤੇ ਮਨ ਤੇ ਸਿਰ ਲੌ ਧਨ ਹੈ ਸਭ ਹੀ ਇਨ ਹੀ ਕੋ ॥

ਗੁਰੂ ਸਾਹਿਬ ਨੇ ਆਪਣਾ ਗ੍ਰਿਹਿ, ਮਨ, ਧਨ, ਤਨ ਤੇ ਸੀਸ ਸਭ ਖਾਲਸੇ ਦੀ ਸੇਵਾ ਲਈ ਰਾਖਵਾਂ ਰਖਿਆ ਸੀ, ਕਿਉਂ ਕਿ ਗੁਰੂ ਗਰੰਥ ਸਾਹਿਬ ਦੀ ਤਾਬਿਆ ਖਾਲਸਾ ਉਹਨਾਂ ਦਾ ਇਸ਼ਟ ਸੁਹਿਰਦ ਹੀ ਤਾਂ ਸੀ :

ਖਾਲਸਾ ਮੇਰੋ ਇਸ਼ਟ ਸੁਹਿਰਦ।
ਖਾਲਸਾ ਮੇਰੋ ਕਹੀਅਤ ਬਿਰਦ ॥

ਗੁਰੂ ਨਾਨਕ ਸਾਹਿਬ ਦੁਆਰਾ ਉਲੀਕੇ ਪ੍ਰੋਗਰਾਮ - ਸੁਹਣੇ ਅਤੇ ਨਰੋਏ ਸਮਾਜ ਦੀ ਸਿਰਜਣਾ ਲਈ ਜ਼ਰੂਰੀ ਸੀ ਕਿ ਇਸ ਆਦਰਸ਼ ਨੂੰ ਪ੍ਰਣਾਏ ਮਨੁੱਖਾਂ ਦਾ ਇਕ ਅਜਿਹਾ ਸਮੁਦਾਇ ਤਿਆਰ ਕੀਤਾ ਜਾਏ, ਜੋ ਇਸ ਆਦਰਸ਼ ਨੂੰ ਅਮਲੀ ਜਾਮਾ ਪਹਿਨਾਉਣ ਲਈ ਯਤਨਸ਼ੀਲ ਹੋਵੇ। ਬੇਸ਼ਕ ਸੰਗਤ ਦੇ ਰੂਪ ਵਿੱਚ ਇਹ ਸਮੁਦਾਇ ਪਹਿਲਾਂ ਹੀ ਕਾਰਜਸ਼ੀਲ ਸੀ, ਮਹਾਨ ਮਨੋਵਿਗਿਆਨੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਇਕ ਸਥਾਈ ਸੰਸਥਾ ਦਾ ਰੂਪ ਦੇਣ ਦਾ ਫੈਸਲਾ ਕੀਤਾ। ਆਪ ਭਲੀ ਪ੍ਰਕਾਰ ਸਮਝਦੇ ਸਨ ਕਿ ਸਮਾਜਕ ਪ੍ਰਾਣੀ ਹੋਣ ਦੇ ਨਾਤੇ ਮਨੁਖ ਸੁਭਾਵਕ ਹੀ ਸਾਥ ਮਾਨਣ ਦੀ ਲੋੜ ਮਹਿਸੂਸ ਕਰਦਾ ਹੈ ਅਤੇ ਇਸੇ ਲਈ ਸਮਾਜ ਵਿੱਚ ਰਹਿੰਦਿਆਂ ਉਹ ਆਲੇ ਦੁਆਲੇ ਨਾਲ ਸਹਿਯੋਗੀ ਵਤੀਰਾ ਧਾਰਨ ਕਰਦਾ ਹੈ। ਸਮਾਜ ਸੇਵੀ ਅਤੇ ਸਹਿਕਾਰੀ ਸੰਸਥਾਵਾਂ ਵੀ ਮਨੁੱਖ ਦੀ ਇਸੇ ਲੋੜ ਵਿੱਚੋਂ ਉਪਜੀਆਂ ਹਨ। ਆਪਸੀ ਸਾਂਝ ਬਣਾ ਕੇ ਇਹ ਸੰਸਥਾਵਾਂ ਵਧੇਰਾ ਅਤੇ ਵਧੀਆ ਕੰਮ ਕਰਨ ਦੇ ਕਾਬਲ ਹੋ ਜਾਂਦੀਆਂ ਹਨ। ਸਾਥ ਨਾਲ ਮਿਲ ਮਨੁੱਖ ਸੁਭਾਵਕ ਹੀ ਇਕ ਦੂਜੇ ਕੋਲੋਂ ਉਤਸ਼ਾਹ ਲੈ ਅਜਿਹੇ ਕੰਮ ਕਰ ਦਿਖਾਉਂਦੇ ਹਨ, ਜੋ ਇਕੱਲੇ ਮਨੁੱਖ ਲਈ ਕਿਸੇ ਤਰ੍ਹਾਂ ਵੀ ਕਰਨੇ ਸੰਭਵ ਨਹੀਂ ਹੁੰਦੇ। ਇਸ ਮਨੋਵਿਗਿਆਨਕ ਸਚਾਈ ਬਾਰੇ Wayne Bury ਆਪਣੀ ਕਿਤਾਬ *Pan Islam* ਵਿੱਚ ਲਿਖਦਾ ਹੈ :

*Individuals may be swayed for the time being, and in a few favourable cases, the initial impetus may be carried on, but most human souls are like locusts and flutter earthwards when the wind drops.*

ਕਿਤੇ ਸਮਾਜ ਉਸਾਰੀ ਦਾ ਸ਼ੁਰੂ ਹੋਇਆ ਕੰਮ ਸਿੱਖ ਕੌਮ ਦੇ ਮੈਂਬਰ, ਕੁਝ ਸਮੇਂ ਬਾਅਦ, ਸਾਥ ਦੀ ਅਣਹੋਂਦ ਕਰਕੇ, ਉਤਸ਼ਾਹਹੀਨ ਹੋ ਅਧੂਰਾ ਹੀ ਨ ਛਡ ਦੇਣ, ਇਸ ਲਈ ਗੁਰੂ ਸਾਹਿਬ ਨੇ ਯਕੀਨੀ ਬਣਾਇਆ ਕਿ ਇਕੋ ਆਦਰਸ਼ ਦੇ ਮਨੁਖਾਂ ਦਾ ਇਕ ਅਜਿਹਾ ਇਕੱਠ, ਇਕ ਅਜਿਹੀ ਸੰਸਥਾ ਬਣਾਈ ਜਾਏ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਸਾਏ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ' ਦੇ ਅਸੂਲ ਤੇ ਚਲਦੀ ਹੋਈ, ਜਾਤੀ ਰਹਿਤ, ਆਦਰਸ਼ਕ ਸਮਾਜ ਤਾਂ ਸਿਰਜੇ ਹੀ, ਨਾਲ ਹੀ ਇਸ ਦੇ ਮੈਂਬਰ ਇਕ ਦੂਜੇ ਦੇ ਪਿਆਰ ਅਤੇ ਸਤਿਕਾਰ ਦਾ ਨਿੱਘ ਮਾਣਦੇ ਹੋਏ, ਆਪਸੀ ਸਾਂਝ ਰਾਹੀਂ ਨਿਜੀ ਅਤੇ ਸਮਾਜਕ ਸਮੱਸਿਆਵਾਂ ਦਾ ਵੀ ਹੱਲ ਲਭ ਕੇ ਕੁਝ ਕਰ ਸਕਣ ਦੇ ਉਤਸ਼ਾਹ ਨੂੰ ਕਦੇ ਵੀ ਢਿਲਾ ਨ ਪੈਣ ਦੇਣ।

ਇਸ ਆਦਰਸ਼ ਦੀ ਪੂਰਤੀ ਲਈ ਗੁਰੂ ਸਾਹਿਬ ਨੇ ਬੜੇ ਹੀ ਮਨੋਵਿਗਿਆਨਕ ਤਰੀਕੇ ਨਾਲ ਚੜ੍ਹਦੀਆਂ ਕਲਾਂ ਵਾਲੇ ਖਾਲਸੇ ਦੀ ਸਾਜਨਾ ਕੀਤੀ ਅਤੇ ਇਸ ਨੂੰ ਸਦੀਵ ਕਾਲ ਲਈ ਇਕ ਸ਼ਕਤੀਸ਼ਾਲੀ ਗਰੁਪ ਬਣ ਵਿਚਰਣ ਦੇ ਕਾਬਲ ਬਣਾਉਣ ਲਈ ਇਸ ਨੂੰ ਇਕ ਅਜਿਹੀ ਜਥੇਬੰਦੀ ਦਾ ਰੂਪ ਦਿੱਤਾ, ਜਿਸ ਦੇ ਮੈਂਬਰ, ਇਕ ਪਰਵਾਰ ਦੇ ਮੈਂਬਰ ਸਨ, ਜਿਨ੍ਹਾਂ ਦਾ ਪਿਤਾ ਇਕ (ਗੁਰੂ ਗੋਬਿੰਦ ਸਿੰਘ), ਮਾਤਾ ਇਕ (ਸਾਹਿਬ ਕੌਰ), ਇਕੋ ਪਿੰਡ

ਦੇ ਵਾਸੀ (ਅਨੰਦਪੁਰ ਸਾਹਿਬ), ਇਕ ਰੂਪ, ਵਰਦੀ ਇਕ ਅਤੇ ਇਕੋ ਹੀ ਜੀਵਨ ਆਦਰਸ਼।

ਡੂੰਘੇ ਭਰਾਤਰੀਭਾਵ ਵਾਲੀ ਇਸ ਜਥੇਬੰਦੀ ਪਿਛੇ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਲੈ ਕੇ ਦੋ ਸੌ ਤੋਂ ਵੱਧ ਸਾਲ ਦਾ ਇਤਿਹਾਸ ਸੀ। ਗੁਰੂ ਸਾਹਿਬ ਦਾ ਵਿਸ਼ਵਾਸ ਸੀ ਕਿ ਆਤਮਕ ਉੱਚਤਾ ਤੇ ਸੁੱਚਤਾ ਬਿਨਾ ਸਮਾਜ ਦੇ ਵਧੀਆ ਮੈਂਬਰ ਬਣ ਸਕਣਾ ਕਠਿਨ ਹੀ ਨਹੀਂ, ਸਗੋਂ ਅਸੰਭਵ ਸੀ। ਇਸੇ ਲਈ ਉਨ੍ਹਾਂ ਦੇ ਸਮਾਜ (ਪੰਥ) ਦੀ ਸਿਰਜਣਾ ਲਈ ਫੋਕਟ ਕਰਮ ਕਾਂਡ ਤਿਆਗ ਕੇ ਸੱਚਾ ਜੀਵਨ ਜੀਉਣਾ ਹੀ ਆਚਰਣਕ ਉੱਚਤਾ ਹੈ :

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ ਪੰਨਾ ੬੨

ਸਚ ਆਚਾਰ ਹੀ ਕਿਸੇ ਸਮਾਜ ਨੂੰ ਭਰਿਸ਼ਟਾਚਾਰ ਅਤੇ ਭਾਈ ਭਤੀਜਾਵਾਦ ਤੋਂ ਛੁਟਕਾਰਾ ਦੁਆ ਸਕਦਾ ਹੈ। ਕਿਸੇ ਵੀ ਸਮਾਜ ਵਿੱਚ ਗੁਣਾਤਮਕ ਤਬਦੀਲੀ ਲਿਆਉਣ ਲਈ ਜ਼ਰੂਰੀ ਹੈ ਕਿ ਉਸ ਸਮਾਜ ਵਿੱਚ ਸਚਿਆਰਿਆਂ ਦੀ ਗਿਣਤੀ ਵਧਾਈ ਜਾਏ। ਆਖਰ ਕਿਸੇ ਸਮਾਜ ਨੂੰ ਲੋੜੀਂਦਾ ਰੂਪ ਇਸ ਦੇ ਬਹੁ ਗਿਣਤੀ ਮੈਂਬਰ ਹੀ ਤਾਂ ਦੇ ਸਕਦੇ ਹਨ। ਉਚ ਆਚਾਰ ਵਾਲੇ ਮੈਂਬਰਾਂ ਦੀ ਬਹੁ ਗਿਣਤੀ ਹੋਣ ਨਾਲ ਸਮਾਜ ਸੁਭਾਵਕ ਹੀ ਨਰੋਆ ਅਤੇ ਸੁਹਣਾ ਬਣ ਜਾਏਗਾ। ਆਖਰ ਗੁਰੂ ਨਾਨਕ ਸਾਹਿਬ ਨੇ ਸੰਸਾਰ ਭਰ ਦੀਆਂ ਯਾਤਰਾਵਾਂ ਵੀ ਤਾਂ ਇਸੇ ਮੰਤਵ ਲਈ ਕੀਤੀਆਂ ਸਨ। ਸਿਧਾਂ ਨਾਲ ਪ੍ਰਸ਼ਨੋਤਰੀ ਸਮੇਂ ਆਪ ਨੇ ਆਪਣੀਆਂ ਯਾਤਰਵਾਂ ਦਾ ਮੰਤਵ ਵੀ ਇਹੀ ਦਸਿਆ ਸੀ :

ਗੁਰਮੁਖਿ ਖੋਜਤ ਭਏ ਉਦਾਸੀ ॥ ਪੰਨਾ ੯੩੯

ਸਾਰੀ ਗੁਰਬਾਣੀ ਸਚਿਆਰੇ ਅਤੇ ਗੁਰਮੁਖ ਆਚਰਣ ਦੀ ਵਿਆਖਿਆ ਹੀ ਤਾਂ ਹੈ ਅਤੇ ਇਸ ਆਚਰਣ ਦੀ ਉਸਾਰੀ ਲਈ ਲੋੜੀਂਦਾ ਵਾਤਾਵਰਣ ਤਿਆਰ ਕਰਨ ਲਈ ਅਮਲੀ ਕਦਮ ਚੁਕਦਿਆਂ ਗੁਰੂ ਸਾਹਿਬ ਨੇ ਥਾਂ ਥਾਂ ਸੰਗਤਾਂ ਸਥਾਪਤ ਕੀਤੀਆਂ। ਕੁਲ ਸੰਸਾਰ ਦੇ ਧਾਰਮਕ ਆਗੂ ਸਤਿਸੰਗਤ ਦੀ ਮਹਾਨਤਾ ਨੂੰ ਸਵੀਕਾਰਦੇ ਹਨ। ਪਰ ਸਾਧ ਸੰਗਤ ਨੂੰ ਇਕ ਸਥਾਈ ਰੂਪ ਪ੍ਰਦਾਨ ਕਰਕੇ ਉਸਨੂੰ 'ਖਾਲਸਾ ਪੰਥ' ਨਾਮਕ ਜਥੇਬੰਦੀ ਦਾ ਰੂਪ ਦੇ ਦੇਣਾ ਸਿੱਖ ਗੁਰੂਆਂ ਦੀ ਦੂਰਦਰਸ਼ਤਾ ਦਾ ਕਮਾਲ ਹੀ ਤਾਂ ਸੀ। ਕਿਤੇ ਉਨ੍ਹਾਂ ਦੁਆਰਾ ਸਿਰਜੇ ਸਮਾਜ ਦੇ ਮੈਂਬਰ ਇਕਲਤਾ ਅਤੇ ਅਸੁਰਖਿਆ ਦੀ ਭਾਵਨਾ ਦਾ ਸ਼ਿਕਾਰ ਨਾ ਹੋ ਜਾਣ, ਇਸ ਲਈ ਥਾਂ ਥਾਂ ਸੰਗਤਾਂ ਸਥਾਪਤ ਕਰਕੇ ਸਮਾਜ ਵਿੱਚ ਇਕ ਮਜ਼ਬੂਤ support system ਤਿਆਰ ਕੀਤਾ।

ਅੱਜ ਇਕਲਤਾ (alienation) ਦਾ ਮਾਰਿਆ ਮਨੁੱਖ ਭਾਵਨਾਤਮਕ ਭੁਖਮਰੀ ਦਾ ਸ਼ਿਕਾਰ ਬਨਣ ਤੋਂ ਬਚਣ ਦੀ ਕੋਸ਼ਿਸ਼ ਵਿੱਚ ਸੈਕੜੇ ਰੁਪਏ ਖਰਚ ਕੇ ਕਲਬਾਂ ਅਤੇ ਸਭਾ ਸੋਸਾਇਟੀਆਂ ਦਾ ਮੈਂਬਰ ਬਣ ਮਾਨਸਿਕ ਸਕੂਨ ਭਾਲਦਾ ਹੈ ਅਤੇ ਕੁਝ ਕਰ ਵਿਖਾਉਣ ਦੀ ਇਛਾ ਵਿੱਚੋਂ ਸੰਪੂਰਨਤਾ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਮਹਾਨ ਮਨੋਵਿਗਿਆਨੀ ਅਤੇ ਦੂਰ-ਅੰਦਰੇਸ਼ੀ ਦੇ ਮਾਲਕ ਗੁਰੂ ਸਾਹਿਬ ਮਨੁੱਖ ਦੀ ਇਸ ਸੁਭਾਵਕ ਲੋੜ ਨੂੰ ਸਮਝਦੇ ਸਨ। ਸੋ ਉਹਨਾਂ ਸੰਗਤ ਅਤੇ ਫਿਰ 'ਸੰਗਤ ਕੀਨੀ ਖਾਲਸਾ' ਦੇ ਰੂਪ ਵਿੱਚ ਆਪਣੇ ਪੁਤਰ ਖਾਲਸੇ ਨੂੰ ਅਜਿਹਾ ਕਲਬ, ਇਕ ਅਜਿਹੀ ਸਭਾ, ਪੰਥ ਦੇ ਰੂਪ ਵਿੱਚ ਪ੍ਰਦਾਨ ਕੀਤੀ, ਜਿਥੇ ਇਕੋ ਵੀਚਾਰਧਾਰਾ ਦੇ ਮਨੁਖ, ਅਧਿਆਤਮਕ ਆਧਾਰ ਰਖਦੇ ਹੋਏ, ਸਮਾਜ ਸੇਵਾ ਲਈ ਤਤਪਰ ਤਾਂ ਰਹਿੰਦੇ ਹੀ ਹਨ, ਇਕ ਦੂਜੇ ਤੋਂ ਸੇਧ ਲੈ ਕੇ ਆਪਣੀਆਂ ਨਿਜੀ ਸਮੱਸਿਆਵਾਂ ਦਾ ਸਮਾਧਾਨ ਵੀ ਕਰਦੇ ਹਨ।

ਹਉਮੈ ਆਧਾਰਿਤ ਰਿਸ਼ਤਿਆਂ ਦੀ ਨੀਂਹ ਉਪਰ ਉਸਰੇ ਸਮਾਜ ਵਿੱਚ ਜਾਂ ਤਾਂ ਜ਼ੋਰ ਰੁਚੀ (domination)

ਪ੍ਰਧਾਨ ਹੁੰਦੀ ਹੈ ਅਤੇ ਜਾਂ ਫਿਰ ਅਧੀਨਗੀ ਦੀ ਰੁਚੀ (submission)। ਜੇ ਕਿਤੇ ਕੋਈ ਇਕ ਹਾਵੀ ਹੋ ਜਾਂਦਾ ਹੈ ਤਾਂ ਦੂਜਾ ਉਸਦੀ ਅਧੀਨਗੀ ਵਿੱਚ ਰਹਿ ਕੇ ਰਿਸ਼ਤਾ ਕਾਇਮ ਰਖਣ ਦਾ ਯਤਨ ਕਰਦਾ ਹੈ। ਗੁਰੂ ਸਾਹਿਬ ਦੁਆਰਾ ਸਥਾਪਿਤ ਖਾਲਸਾ ਪੰਥ ਨਾਮਕ ਸਮਾਜਕ ਜਥੇਬੰਦੀ ਦਾ ਸਭ ਤੋਂ ਖੂਬਸੂਰਤ ਪੱਖ ਹੀ ਇਹ ਹੈ ਕਿ ਇਥੇ ਰਿਸ਼ਤੇ ਬਰਾਬਰਤਾ ਅਤੇ ਨਿਰਮਲ ਪ੍ਰੇਮ ਦੀ ਭਾਵਨਾ ਉਪਰ ਆਧਾਰਤ ਹਨ। ਸਵਾਰਥ ਅਤੇ ਹੰਕਾਰ ਭਰੇ ਰਿਸ਼ਤਿਆਂ ਦੀ ਇਸ ਜਥੇਬੰਦੀ ਵਿੱਚ ਕੋਈ ਥਾਂ ਨਹੀਂ। ਜਦੋਂ ਵੀ ਖਾਲਸਾ, ਸੰਵਿਧਾਨ ਦੇ ਇਸ ਮੁਢਲੇ ਨੇਮ, ਭਾਵ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਪ੍ਰੇਮ ਦੀ ਭਾਵਨਾ ਦੇ ਮੁਢਲੇ ਅਸੂਲ ਤੋਂ ਥਿੜਕਿਆ ਹੈ, ਇਸ ਦੇ ਪੱਲੇ ਖੁਆਰੀ ਹੀ ਪਈ ਹੈ। ਪ੍ਰੇਮ ਅਤੇ ਬਰਾਬਰੀ ਦੇ ਇਸ ਮੁਢਲੇ ਨੇਮ ਦੇ ਗੁਰੂ ਸਾਹਿਬ ਆਪ ਵੀ ਇੰਨੇ ਪਾਬੰਦ ਸਨ ਕਿ ਗੁਰੂ ਪਦਵੀ ਤੇ ਹੁੰਦਿਆਂ ਵੀ ਆਪ ਨੇ ਆਪਣੇ ਅਤੇ ਆਪਣੇ ਸਿੱਖਾਂ ਵਿੱਚ ਕੋਈ ਭੇਦ ਨਹੀਂ ਰਖਿਆ :

ਗੁਰੂ ਸਿਖੁ, ਸਿਖੁ ਗੁਰੂ ਹੈ, ਏਕੋ ਗੁਰ ਉਪਦੇਸੁ ਚਲਾਏ ॥ ਪੰਨਾ ੪੪੪

ਜਿਥੇ ਸਿੱਖ ਗੁਰੂ ਹੁਕਮ ਅਤੇ ਗੁਰੂ ਪ੍ਰੇਮ ਦੇ ਬੰਨੇ ਸਨ, ਉਥੇ ਗੁਰੂ ਨੇ ਵੀ ਆਪਣੇ ਆਪ ਨੂੰ ਸਿੱਖਾਂ ਦੇ ਪ੍ਰੇਮ ਵਿੱਚ ਪੂਰੀ ਤਰ੍ਹਾਂ ਬੰਨ੍ਹਿਆ। ਕਈ ਹਾਲਤਾਂ ਵਿੱਚ ਤਾਂ ਗੁਰੂ ਸਾਹਿਬ ਨੇ ਆਪਣੇ ਆਪ ਨੂੰ ਭਗਤ ਤੋਂ ਦੂਜੇ ਦਰਜੇ ਤੇ ਰਖਿਆ ਹੈ :

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥ ਪੰਨਾ ੧੨੫੨

ਸੱਚੇ ਸਿੱਖ ਦੇ ਵਚਨ ਨੂੰ ਗੁਰੂ ਸਾਹਿਬ ਨੇ ਕਦੇ ਨਹੀਂ ਉਲਟਾਇਆ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਿੱਖਾਂ, ਗੁਰੂ ਦੇ ਮੋਢੇ ਨਾਲ ਮੋਢਾ ਜੋੜ ਕੇ ਉਨ੍ਹਾਂ ਦੁਆਰਾ ਆਰੰਭਿਆ ਸਮਾਜ ਉਸਾਰੀ ਦਾ ਕੰਮ ਚੜ੍ਹਦੀ ਕਲਾ ਵਿੱਚ ਰਹਿ ਕੇ ਕੀਤਾ। ਸਮੇਂ ਅਤੇ ਲੋੜ ਅਨੁਸਾਰ, ਜੇ ਕਾਲ ਅਤੇ ਬੀਮਾਰੀ ਸਮੇਂ ਸਰੀਰਕ ਸੇਵਾ ਦੀ ਲੋੜ ਸੀ ਤਾਂ, ਅਤੇ ਜੇ ਜੰਗ ਦੇ ਮੈਦਾਨ ਵਿੱਚ ਜੂਝਦਿਆਂ ਸਮਾਜ ਸੇਵਾ ਦੀ ਲੋੜ ਸੀ ਤਾਂ, ਹਰ ਸਮੇਂ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਨੇ ਇਕ ਜਥੇਬੰਦੀ ਵਜੋਂ ਕੰਮ ਕਰਕੇ ਸੁਨੇਹਾ ਦਿੱਤਾ ਕਿ ਸੁਹਣੇ ਸਮਾਜ ਦੀ ਉਸਾਰੀ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਵਿੱਚ ਦਰਸਾਈਆਂ ਅਧਿਆਤਮਕ ਕਦਰਾਂ-ਕੀਮਤਾਂ, ਪ੍ਰੇਮ, ਸੇਵਾ, ਨਿਮਰਤਾ, ਪਰਉਪਕਾਰ ਅਤੇ ਕੁਰਬਾਨੀ ਦੀ ਭਾਵਨਾ ਆਦਿ ਦੀ ਅਮਲ ਵਿੱਚ ਤਰਜਮਾਨੀ ਕੀਤਿਆਂ ਹੀ ਹੋ ਸਕਦੀ ਹੈ। ਪ੍ਰੋਫੈਸਰ ਪੂਰਨ ਸਿੰਘ ਆਪਣੀ ਕਿਤਾਬ *Ten Masters* ਵਿੱਚ ਲਿਖਦੇ ਹਨ :

*In the Khalsa constitution, the people inspired by natural goodness of humanity are supreme. In the Khalsa state, the law of man's natural goodness is the only law.*

ਖਾਲਸਾ ਸੰਵਿਧਾਨ ਹੀ ਗੁਰੂ ਗ੍ਰੰਥ ਸਾਹਿਬ ਦਾ ਹੀ ਸੰਵਿਧਾਨ ਹੈ, ਜਿਥੇ ਪ੍ਰਮੁਖਤਾ ਸਰਬਤ ਦੇ ਭਲੇ ਅਤੇ ਮਨੁਖੀ ਪ੍ਰੇਮ ਨੂੰ ਦਿੱਤੀ ਗਈ ਹੈ। ਬ੍ਰਹਮਗਿਆਨੀ ਪਰਉਪਕਾਰ ਕਰਕੇ ਹੀ ਉਮਾਹ ਵਿੱਚ ਆਉਂਦਾ ਹੈ ਅਤੇ ਸਮਝਦਾ ਹੈ ਕਿ ਮਨੁਖਤਾ ਦਾ ਪ੍ਰੇਮ ਹੀ ਅਸਲ ਕਲਿਆਣਕਾਰੀ ਮਾਰਗ ਹੈ :

ਮਨ ਰੇ ਕਿਉ ਛੂਟਹਿ ਬਿਨੁ ਪਿਆਰ ॥ ਪੰਨਾ ੬੦

ਇਕ ਹੋਰ ਮਹੱਤਵਪੂਰਨ ਗੱਲ ਧਿਆਨ ਵਿੱਚ ਰੱਖਣੀ ਬਣਦੀ ਹੈ। ਗੁਰੂ ਸਾਹਿਬ ਨੇ ਖਾਲਸਾ ਜਥੇਬੰਦੀ ਦੀ ਕਾਇਮੀ ਵਿੱਚ ਬੜੇ ਮਨੋਵਿਗਿਆਨਕ ਤਰੀਕੇ ਨਾਲ, ਭਾਰਤੀ ਮਿਥਿਹਾਸ, ਜੋ ਆਮ ਲੋਕਾਂ ਦੀਆਂ ਦਿਲ ਦੀਆਂ ਡੂੰਘੀਆਂ ਤੈਹਾਂ ਵਿੱਚ ਥਾਂ ਬਣਾ ਚੁਕਿਆ ਸੀ, ਦੀ ਵਰਤੋਂ ਕੀਤੀ। ਭਾਰਤੀ ਮਿਥਿਹਾਸ ਮੁਤਾਬਕ 'ਅੰਮ੍ਰਿਤ' ਸਮੁੰਦਰ ਵਿੱਚੋਂ ਨਿਕਲੇ ੧੪ ਰਤਨਾਂ ਵਿੱਚੋਂ ਇਕ ਸੀ, ਜਿਸਨੂੰ ਕੇਵਲ ਦੇਵਤੇ ਹੀ ਪ੍ਰਾਪਤ ਕਰ ਸਕਦੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਮਾਹਰ ਹੱਥਾਂ ਵਿੱਚ ਆ ਇਹ ਅਮੋਲਕ ਵਸਤੂ ਸਮਾਜ ਦੇ ਨਿਮਾਣੇ ਅਤੇ ਨਿਤਾਣੇ ਸਮਝੇ ਜਾਣ ਵਾਲੇ ਆਮ ਲੋਕਾਂ ਤੱਕ ਪਹੁੰਚ ਗਈ, ਜਿਸ ਨੂੰ ਪ੍ਰਾਪਤ ਕਰਕੇ ਉਹ ਭਰਪੂਰ ਆਤਮ ਵਿਸ਼ਵਾਸੀ ਬਣ ਗਏ ਅਤੇ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਅਧਿਆਤਮਕ ਕਦਰਾਂ ਕੀਮਤਾਂ ਦੇ ਧਾਰਨੀ ਬਣ ਅਮਰ ਹੋ ਗਏ ਅਤੇ ਸਦੀਆਂ ਤੋਂ ਗੁਲਾਮ ਭਾਰਤੀ ਸਮਾਜ ਨੂੰ ਗੁਲਾਮੀ ਤੋਂ ਛੁਟਕਾਰਾ ਦਿਵਾ ਇਕ ਆਜਾਦ ਅਤੇ ਅਗਾਂਹਵਧੂ ਸਮਾਜ ਦੀ ਸਿਰਜਣਾ ਦੇ ਕਾਬਿਲ ਹੋ ਗਏ।

ਖਾਲਸਾ ਸਜਾਨਾ ਦੇ ਨਾਟਕੀ ਕਰਤੱਵ ਪਿਛੇ ਛੁਪੇ ਆਦਰਸ਼ ਦੀ ਮਹਾਨਤਾ ਨੂੰ ਸੰਸਾਰ ਭਰ ਦੇ ਨਿਰਪੱਖ ਵਿਦਵਾਨ ਸਮਝਦੇ ਹਨ। Sir Aurbindo Ghosh ਆਪਣੀ ਕਿਤਾਬ *Foundation of Indian Culture* ਵਿੱਚ ਲਿਖਦੇ ਹਨ :

> *The Sikh Khalsa, on the other hand was an astonishing original and novel creation and its face was not turned to the past, but to the future. A very striking instance of democratic institution towards making a compact nationalism, was the founding of Khalsa, its long line of Gurus and the novel direction and form given to it by Guru Gobind Singh.*

ਭਾਵ ਸਿੱਖ ਖਾਲਸਾ ਹੈਰਾਨੀਜਨਕ, ਨਵੀਂ ਅਤੇ ਨਵੇਕਲੀ ਕਿਰਤ ਸੀ। ਇਹ ਭੂਤਮੁਖੀ ਨਹੀਂ ਸਗੋਂ ਭਵਿੱਖਮੁਖੀ ਸੀ। (ਨੌ) ਸਿੱਖ ਗੁਰੂਆਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿਰਜਿਤ ਖਾਲਸਾ ਇਕ ਅਜਿਹੀ ਲੋਕਤੰਤਰੀ ਸੰਸਥਾ ਸੀ, ਜਿਸ ਨੇ ਇਕ ਠੋਸ ਰਾਸ਼ਟਰੀਅਤਾ ਨੂੰ ਜਨਮ ਦਿੱਤਾ।

ਸੱਚ ਤਾਂ ਇਹ ਹੈ ਕਿ ਮਹਿਜ਼ ਰਾਸ਼ਟਰੀਅਤਾ ਨਹੀਂ, ਸਗੋਂ ਬ੍ਰਹਿਮੰਡੀ ਚੇਤਨਾ ਦੀ ਨੀਂਹ ਗੁਰੂ ਨਾਨਕ ਸਾਹਿਬ ਦੇ 'ਏਕ ਪਿਤਾ ਏਕਸ ਕੇ ਹਮ ਬਾਰਿਕ' ਅਤੇ 'ਖਾਲਕ ਖਲਕ ਖਲਿਕ ਮਹਿ ਖਾਲਿਕ' ਦੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਿਧਾਂਤਾਂ ਵਿੱਚ ਹੀ ਰੱਖ ਦਿੱਤੀ ਗਈ ਸੀ, ਜਿਨ੍ਹਾਂ ਅਨੁਸਾਰ ਮਨੁੱਖ ਦਾ ਦੈਵੀਕਰਨ ਅਤੇ ਉਸ ਦੈਵੀ ਸ਼ਕਤੀ ਦਾ ਸਮਾਜੀਕਰਨ ਕਰਕੇ ਆਮ ਮਨੁਖਾਂ ਵਿੱਚ ਇਹ ਵਿਸ਼ਵਾਸ ਪੈਦਾ ਕੀਤਾ ਗਿਆ ਕਿ ਉਹ ਦੈਵੀ ਗੁਣਾਂ ਦੇ ਮਾਲਕ ਬਨਣ ਦੀ ਸਮਰੱਥਾ ਰੱਖਦੇ ਹਨ। ਦੈਵੀ ਗੁਣਾਂ ਦੇ ਮਾਲਕ ਮਨੁੱਖਾਂ ਦਾ ਸਮੂਹ ਹੀ ਆਦਰਸ਼ਕ ਸਮਾਜ ਸਿਰਜ ਸਕਦਾ ਹੈ। ਸਿੱਖ ਗੁਰੂ ਸਾਹਿਬਾਨ ਦਾ ਜੀਵਨ ਮੰਤਵ ਅਜਿਹੇ ਦੈਵੀ ਗੁਣਾਂ ਦੀ ਮਾਲਕ ਸ਼ਖਸੀਅਤ ਤਿਆਰ ਕਰਨਾ ਹੀ ਸੀ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਇਸੇ ਆਸ਼ੇ ਵੱਲ ਚੁਕਿਆ ਇਕ ਮਹੱਤਵਪੂਰਨ ਕਦਮ ਸੀ। ਗੁਰੂ ਸਾਹਿਬ ਨੇ ਬਾਣੀ ਵਿੱਚ ਭਰਮ ਭੁਲੇਖਿਆਂ, ਜਾਤੀ ਅਤੇ ਭੂਗੋਲਿਕ ਵਖਰੇਵਿਆਂ ਦੇ ਟੋਏ ਟਿਬਿਆਂ ਨੂੰ ਦੂਰ ਕਰਕੇ, ਸਿੱਧਾ ਪਧਰਾ ਗਿਆਨ ਦੇ ਪ੍ਰਕਾਸ਼ ਦਾ ਮਾਰਗ ਦਸਿਆ, ਜਿਸਨੇ ਮਨੁੱਖ ਨੂੰ ਦਇਆ ਭਰਿਆ, ਨਿਰਭੈ ਅਤੇ ਦਵੰਦ ਰਹਿਤ ਜੀਵਨ ਜੀਉਣ ਦੀ ਜਾਚ ਦਸੀ।

> ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
> ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥ ਪੰਨਾ ੧੦੦੨

ਦਸਮ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰੀਰਕ ਚੋਲਾ ਛਡਣ ਤੋਂ ਪਹਿਲਾਂ ਸ਼ਖਸੀ ਗੁਰਿਆਈ ਦਾ ਸਿਲਸਿਲਾ ਖਤਮ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦਿੱਤੀ ਅਤੇ ਇਸ ਵਿੱਚ ਸੰਕਲਿਤ ਬਾਣੀ ਖਾਲਸਾ ਪੰਥ ਨੂੰ ਇਸਦੇ ਸੰਵਿਧਾਨ ਦੇ ਰੂਪ ਵਿੱਚ ਬਖਸ਼ੀ। ਇਸ ਤਰ੍ਹਾਂ ਖਾਲਸਾ ਪੰਥ ਨੂੰ ਨਿਵੇਕਲੇ ਰੂਪ ਦੇ ਨਾਲ-ਨਾਲ ਅੰਦਰੂਨੀ ਅਧਿਆਤਮਕਤਾ ਅਤੇ ਦੈਵੀ ਗੁਣ ਵੀ ਬਖਸ਼ੇ। ਲਾਲਾ ਦੌਲਤ ਰਾਏ ਗੁਰੂ ਜੀ ਦੇ ਇਸ ਕਦਮ ਦੀ ਮਹਾਨਤਾ ਦਸਦਿਆਂ ਇਉਂ ਟਿਪਣੀ ਕਰਦੇ ਹਨ :

> "ਗੁਰਿਆਈ ਦੇ ਸਿਲਸਿਲੇ ਨੂੰ ਸਮਾਪਤ ਕਰਕੇ ਗੁਰੂ ਜੀ ਨੇ ਬਹੁਤ ਵੱਡਾ ਕੰਮ ਕੀਤਾ ਹੈ।
> "ਗੁਰੂ ਜੀ ਬੜੇ ਤਜ਼ਰਬੇਕਾਰ, ਦੂਰਅੰਦੇਸ਼ ਅਤੇ ਪਾਰਦਰਸ਼ੀ ਸਨ। ਉਹ ਸੁਚੱਜੇ ਤੇ ਨਿਪੁੰਨ ਸਨ। ਸਮੇਂ ਦੀ ਨਬਜ਼ ਦੀ ਪਹਿਚਾਨ ਰਖਦੇ ਸਨ। ਇਸ ਕਰਕੇ ਉਹਨਾਂ ਬੜੀ ਸਿਆਣਪ, ਸੁਘੜਤਾ ਅਤੇ ਦੂਰ ਅੰਦੇਸ਼ੀ ਨਾਲ ਇਸ ਸਿਲਸਿਲੇ ਨੂੰ ਸਮਾਪਤ ਕਰਕੇ ਖਾਲਸਾ ਧਰਮ ਨੂੰ ਆਉਣ ਵਾਲੀਆਂ ਗਿਰਾਵਟਾਂ ਤੋਂ ਬਚਾ ਲਿਆ। ਇਹ ਹੀ ਕਾਰਣ ਹੈ ਕਿ ਤਿੰਨ ਸੌ ਸਾਲ ਪਿਛੋਂ ਵੀ ਖਾਲਸਾ ਧਰਮ, ਜਿਥੋਂ ਤੱਕ ਇਸਦੇ ਮੁਢਲੇ ਅਸੂਲਾਂ ਦਾ ਸਬੰਧ ਹੈ, ਅਜੇ ਤੱਕ ਵਿਸ਼ੇਸ਼ ਕਰਕੇ ਖਾਲਸ ਹੀ ਹੈ।
> "ਪੰਜ ਸਿੱਖਾਂ ਨੂੰ ਪਾਹੁਲ ਦੇਣ ਦਾ ਅਧਿਕਾਰ ਦੇਣਾ, ਧਾਰਮਿਕ ਸਾਂਝੀਵਾਲਤਾ ਦੀ ਪਰੰਪਰਾ ਦੀ ਨੀਂਹ ਉਤੇ ਨਵੀਨ ਬਰਾਦਰੀ ਦੀ ਸਥਾਪਨਾ ਸੀ। ਇਸ ਤਰੀਕੇ ਨਾਲ ਗੁਰੂਡੰਮ ਅਤੇ ਗੁਲਾਮੀ ਜਿਹੇ ਮਾੜੇ ਤੇ ਭਿਆਨਕ ਰੋਗ ਜਿਸਦੇ ਨਮੂਨੇ ਹਿੰਦੂਆਂ ਵਿੱਚ ਆਮ ਦੇਖੇ ਜਾਂਦੇ ਹਨ, ਅਤੇ ਜੋ ਬ੍ਰਹਾਮਣੀ ਧਰਮ ਦੀ ਸਿਖਿਆ ਨੇ ਪੈਦਾ ਕੀਤੇ ਸਨ, ਦਾ ਉਕਾ ਹੀ ਖਾਤਮਾ ਕਰਨਾ ਸੀ।"
>
> (ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ, ਪੰਨਾ ੨੧੯)

ਖਾਲਸਾ ਦੀ ਸਾਜਨਾ ਅਤੇ ਫਿਰ ਇਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਕਰਨਾ, ਇਕ ਅਜਿਹਾ ਇਤਿਹਾਸਕ ਮਹਤਤਾ ਵਾਲਾ ਕਦਮ ਸੀ, ਜੋ ਖਾਲਸਾ ਧਰਮ ਦੀ ਜੁਗੋ ਜੁਗ ਤੱਕ ਕਾਇਮ ਰਹਿਣ ਵਾਲੀ ਨਿਵੇਕਲੀ ਅਤੇ ਨਿਆਰੀ ਸ਼ਖਸੀਅਤ ਦੀ ਜ਼ਾਮਨੀ ਭਰਦਾ ਹੈ। ਜਦੋਂ ਤੱਕ ਖਾਲਸਾ, ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿੰਦਾ ਹੋਇਆ ਇਸ ਵਿੱਚ ਦਿੱਤੀ ਨਿਰਾਲੀ ਸਿਖਿਆ ਤੇ ਕਾਇਮ ਰਹੇਗਾ, ਇਹ ਹਮੇਸ਼ਾਂ ਚੜ੍ਹਦੀਆਂ ਕਲਾਂ ਵਿੱਚ ਰਹੇਗਾ ਅਤੇ ਗੁਰੂ ਦੀ ਬਖ਼ਸ਼ਿਸ਼ ਹਮੇਸ਼ਾ ਇਸ ਉਪਰ ਰਹੇਗੀ। ਅਜਿਹਾ ਵਾਅਦਾ ਗੁਰੂ ਸਾਹਿਬ ਦਾ ਖਾਲਸੇ ਨਾਲ ਹੈ :

ਜਬ ਲਗ ਖਾਲਸਾ ਰਹੈ ਨਿਆਰਾ ॥
ਤਬ ਲਗ ਤੇਜ ਦੀਉ ਮੈ ਸਾਰਾ ॥

¤